ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਤੇ ਖੋਜ ਵਿਭਾਗ
(ਸਿਹਤ-3 ਸ਼ਾਖਾ)

## ਹੁਕਮ

ਵਿਭਾਗੀ ਤਰੱਕੀ ਕਮੇਟੀ ਦੀਆਂ ਸ਼ਿਫਾਰਸ਼ਾਂ **ਮਿਤੀ** 22-11-2013 ਦੇ ਸਨਮੁੱਖ ਡਾਕਟਰ ਭੁਪਿੰਦਰ ਸਿੰਘ ਵਾਲੀਆ, ਸੇਵਾ ਨੰ: 6785 ਮੈਡੀਕਲ ਅਫਸਰ ਈ.ਐਸ.ਆਈ. ਹਸਪਤਾਲ ਅੰਮ੍ਰਿਤਸਰ ਨੂੰ ਤਨਖਾਹ ਸਕੇਲ ਰੁਪਏ 37400-67000 + 8600 ਗਰੇਡ ਪੇ ਵਿੱਚ ਬਤੌਰ ਸਹਾਇਕ ਪ੍ਰੋਫੈਸਰ ਸਰਜਰੀ ਪੱਦ-ਉੱਨਤ ਕੀਤਾ ਜਾਂਦਾ ਹੈ : -

2. ਇਸ ਤੋ ਇਲਾਵਾ ਉਕਤ ਪੱਦ ਉਨਤ ਹੋਏ ਡਾਕਟਰ ਭੁਪਿੰਦਰ ਸਿੰਘ ਵਾਲੀਆ ਸਹਾਇਕ ਪ੍ਰੋਫੈਸਰ ਸਰਜਰੀ ਨੂੰ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਸਰਜਰੀ ਵਿਭਾਗ ਵਿੱਚ ਤੈਨਾਤ ਕੀਤਾ ਜਾਂਦਾ ਹੈ।

3 ਡਾਕਟਰ ਭੁਪਿੰਦਰ ਸਿੰਘ ਵਾਲੀਆ ,ਸਹਾਇਕ ਪ੍ਰੋਫੈਸਰ ਸਰਜਰੀ ਦੀ ਪੱਦ ਉਨਤੀ ਹੇਠ ਦਰਸਾਈਆਂ ਗਈਆਂ ਸ਼ਰਤਾਂ ਤੇ ਹੋਵੇਗੀ : -

1) ਇੱਕ ਸਾਲ ਦੇ ਪਰਖ ਸਮੇਂ ਤੇ ਰਹਿਣਗੇ ।
2) ਪੰਜਾਬ ਮੈਡੀਕਲ ਐਜੂਕੇਸ਼ਨ ਸਰਵਿਸਜ਼ ਰੂਲ 1978 ਅਤੇ 1985 ਪੰਜਾਬ ਸਿਵਲ ਸਰਵਿਸਜ਼ (ਜਨਰਲ ਐਂਡ ਕਾਮਨ ਕੰਡਿਸ਼ਨ ਆਫ ਸਰਵਿਸ) ਰੂਲ, 1994 ਵਿੱਚ ਨਿਰਧਾਰਤ ਸ਼ਰਤਾਂ ਲਾਗੂ ਹੋਣਗੀਆਂ ।
3) ਇਹ ਹੁਕਮ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆਂ ਜਾਂ ਰਿਕਾਰਡ ਦੇ ਆਧਾਰ ਤੇ ਜਾਂ ਕੋਈ ਹੋਰ ਨਵੇਂ ਤੱਥ ਕਿਸੇ ਅਧਿਕਾਰੀ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਤਾਂ ਉਸ ਦੀ ਕੀਤੀ ਗਈ ਪੱਦ-ਉੱਨਤੀਆਂ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ ਅਤੇ ਬਿਨ੍ਹਾਂ ਕਿਸੇ ਨੋਟਿਸ ਤੋਂ ਉਸ ਨੂੰ ਹੇਠਲੀ ਆਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ ।
4) ਇਹ ਹੁਕਮ 85ਵੀਂ ਸਵਿਧਾਨਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵਲੋਂ ਲਏ ਗਏ ਫੈਸਲੇ ਦੇ ਆਧਾਰਿਤ ਹੋਣਗੇ ।
5) ਜੇਕਰ ਕਿਸੇ ਅਧਿਕਾਰੀ ਵਿਰੁੱਧ ਭੈੜੇ ਕਥਨਾਂ ਬਾਰੇ ਜਾਂ ਵਿਭਾਗੀ ਕਾਰਵਾਈ ਆਦਿ ਦੇ ਚੱਲ ਰਹੇ ਕੇਸਾਂ ਬਾਰੇ ਸਰਕਾਰ ਦੇ ਧਿਆਨ ਵਿੱਚ ਆਉਂਦਾ ਹੈ ਤਾਂ ਕੀਤੀ ਪੱਦ-ਉੱਨਤੀ ਨੂੰ ਮੁੜ ਵਿਚਾਰਿਆ ਜਾਵੇਗਾ ।
6) ਇਹ ਪੱਦ-ਉਨਤੀਆਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਮੁੜ ਵਿਚਾਰੀਆਂ ਜਾ ਸਕਦੀਆਂ ਹਨ ।

**ਮਿਤੀ, ਚੰਡੀਗੜ੍ਹ:**
02.12.2013

**ਵਿਨੀ ਮਹਾਜਨ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**

ਪਿੱਠ ਅੰਕਣ ਨੰਬਰ : 1/29/2013-2ਸਸ3/ 8124-36. ਮਿਤੀ, ਚੰਡੀਗੜ੍ਹ : 03/12/2013.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1) ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ।
2) ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ।
3) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ ।
4) ਮਹਾਂ ਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ।
5) ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
6) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ।
7) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ।
8) ਸਬੰਧਤ ਡਾਕਟਰ ।
9) ਨਿੱਜੀ ਸਕੱਤਰ / ਐਮ.ਈ.ਆਰ.ਐਮ
10) ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ
11) ਨਿੱਜੀ ਸਹਾਇਕ / ਐੱਸ.ਐੱਸ.ਐੱਮ.ਈ.ਆਰ
12) ਨਿੱਜੀ ਸਹਾਇਕ / ਯੂ.ਐੱਸ.ਐੱਮ.ਈ.ਆਰ.
13) ਰਿਕਾਰਡਰ / ਸਿਹਤ-3 ਸ਼ਾਖਾ

(ਮਨਮੋਹਨ ਸਿੰਘ)
**ਅਧੀਨ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ**

*C:\Balram-2HBIII\Draft Ordinary Eng & Pbi\Draft Order Eng & Pbi all Types\Draft Order (Pbi.)\D.P.C\Draft Order (Pbi) D.P.C.doc*